# ਪੰਜ ਖਾਸ ਗੱਲਾਂ

ਮੁੱਢ ਤੋਂ ਹੀ ਆਪਣੇ ਬੱਚੇ ਨਾਲ ਗੱਲ ਕਰਨਾ ਸ਼ੁਰੂ ਕਰ ਦਿਓ। ਤੁਸੀਂ ਜਦੋਂ ਬੱਚਿਆਂ ਨਾਲ ਗੱਲ ਕਰਦੇ ਹੋ, ਉਹਨਾਂ ਨੂੰ ਤੁਹਾਡੀ ਅਵਾਜ਼ ਸੁਣਨਾ ਅਤੇ ਤੁਹਾਡਾ ਚਿਹਰਾ ਦੇਖਣਾ ਬਹੁਤ ਚੰਗਾ ਲੱਗਦਾ ਹੈ।

ਆਪਣੇ ਬੱਚੇ ਨਾਲ ਗੱਲ ਕਰਨਾ ਅਸਲ ਵਿੱਚ ਬਹੁਤ ਜਰੂਰੀ ਹੁੰਦਾ ਹੈ, ਕਿਉਂਕਿ ਉਹ ਜਿਆਦਤਰ ਚੀਜ਼ਾਂ ਤੁਹਾਡੇ ਤੋਂ ਹੀ ਸਿੱਖਦੇ ਹਨ।

ਗੱਲਾਂ ਕਰਨ ਨਾਲ ਤੁਹਾਡੇ ਬੱਚੇ ਨੂੰ ਖੁਸ਼ ਰਹਿਣ, ਦੋਸਤ ਬਣਾਉਣ ਅਤੇ ਸਿੱਖਣ ਵਿੱਚ ਮਦਦ ਮਿਲੇਗੀ।

ਸੰਗੀਤ, ਅਵਾਜ਼ਾਂ ਵਾਲੀਆਂ ਵੀਡੀਓ ਗੇਮਾਂ ਅਤੇ ਟੀਵੀ ਸਾਡੀ ਜਿੰਦਗੀ ਦਾ ਅਹਿਮ ਹਿੱਸਾ ਹਨ, ਪਰ ਕੋਸ਼ਿਸ਼ ਕਰੋ ਕਿ ਕੁਝ ਸਮਾਂ ਅਜਿਹਾ ਕੱਢੋ ਜਦੋਂ ਕੋਈ ਸ਼ੋਰ-ਸ਼ਰਾਬਾ ਨਾ ਹੋਵੇ, ਤਾਂ ਜੋ ਤੁਹਾਡਾ ਬੱਚਾ ਤੁਹਾਡੀ ਗੱਲ ਸੁਣ ਸਕੇ।

ਗੱਲਾਂ ਕਰਨਾ ਬਹੁਤ ਸੌਖਾ ਹੈ – ਬਸ ਤੁਸੀਂ ਜੋ ਵੀ ਕੰਮ ਕਰ ਰਹੇ ਹੋ, ਉਸ ਬਾਰੇ ਬੋਲਦੇ ਰਹੋ ਜਾਂ ਅਜਿਹੀਆਂ ਗੱਲਾਂ ਕਰਦੇ ਰਹੋ ਜੋ ਉਹਨਾਂ ਨੂੰ ਚੰਗੀਆਂ ਲੱਗਦੀਆਂ ਹਨ।

**ਭਾਸ਼ਾ ਬਾਰੇ ਗੱਲਬਾਤ ਕਰਨ ਨੂੰ *ਨਵੀਂ ਦਿਸ਼ਾ* ਦੇਣਾ**

ਮੈਂ ਬੱਚਿਆਂ ਨੂੰ ਗੱਲਬਾਤ ਕਰਨ ਵਿੱਚ ਮਦਦ ਕਰ ਸਕਦਾ

ਰੋਯਾਲ ਕਾਲਜ ਆਫ਼ ਸਪੀਚ SYMBOL ਭਾਸ਼ਾ ਚਿਕਿਤਸਕ

ਈਜ਼ੀ ਪੀਜ਼ੀ